ੴ ਸਤਿਗੁਰ ਪ੍ਰਸਾਦਿ ॥

# ਗਿਆਨੀ ਹਰਬੰਸ ਸਿੰਘ ਸਰਹਾਲਾ

## ਅੰਗ੍ਰੇਜ਼ੀ ਕਾਲ ਵਿਚ ਸਿੱਖਾਂ ਦਾ ਅਜ਼ਾਦੀ ਲਈ ਘੋਲ

### ਮੁੱਖ ਟੀਚਾ

ਸਿਰਫ ਯੁਵਾ ਪੀੜੀ ਨੂੰ ਦੇਸ਼ ਅਜ਼ਾਦ ਕਰਾਉਂਣ ਲਈ ਸਿੱਖਾਂ ਦੁਆਰਾ ਕੀਤਾ ਗਿਆ ਸੰਗ੍ਰਸ਼ ਦਾ ਬੋੱਧ ਕਰਾਣਾਂ ਹੀ ਹੈ।

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਰ ਚੈਰਿਟੇਬਲ ਟਰਸਟ, ਚੰਡੀਗੜ੍ਹ

Type Setting : Radheshyam Choudhary

Mob.: 098149-66882

Download Free

# ਗਿਆਨੀ ਹਰਬੰਸ ਸਿੰਘ ਸਰਹਾਲਾ

ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਜਿਨ੍ਹਾਂ ਦੇਸ਼ ਭਗਤਾਂ ਨੂੰ ਵਿਦੇਸ਼ੀ ਅੰਗਰੇਜ਼ ਹਾਕਮਾਂ ਨੇ ਮੌਤ ਦੀ ਸਜ਼ਾ ਸੁਣਾ ਕੇ ਫਾਂਸੀ ਲਾਇਆ ਉਨ੍ਹਾਂ ਵਿਚ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਗਰ ਸਰਹਾਲਾ ਦੇ ਗਿਆਨੀ ਹਰਬੰਸ ਸਿੰਘ ਜੀ ਦਾ ਨਾਮ ਵੀ ਸ਼ਾਮਲ ਹੈ, ਜਿਨ੍ਹਾਂ ਨੇ ਫਾਂਸੀ ਦੇ ਰੱਸੇ ਨੂੰ ਚੁੰਮਿਆ ਤੇ ਹੱਸਦਿਆਂ ਹੱਸਦਿਆਂ ਮੌਤ ਲਾੜੀ ਦਾ ਸੁਆਗਤ ਕੀਤਾ। ਉਹ ਆਪਣੇ ਜੀਵਨ ਵਿਚ ਹਰ ਥਾਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਆਖਿਆ ਕਰਦੇ ਸਨ ਕਿ ਗ਼ੁਲਾਮੀ ਦਾ ਜੀਵਨ ਲਾਹਨਤ ਹੈ ਤੇ ਇਸ ਜੀਵਨ ਨਾਲੋਂ ਮੌਤ ਚੰਗੀ ਹੈ; ਜੇਕਰ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣ ਲਈ ਹਜ਼ਾਰਾਂ ਜਾਂ ਲੱਖਾਂ ਜੀਵਨ ਕੁਰਬਾਨ ਕਰਨੇ ਪੈਣ ਤਾਂ ਵੀ ਸੰਕੋਚ ਨਹੀਂ ਕਰਨਾ ਚਾਹੀਦਾ।

ਗ਼ੁਲਾਮੀ ਵਿਰੁੱਧ ਨਫ਼ਰਤ ਤੇ ਆਜ਼ਾਦੀ ਦੀ ਪ੍ਰਾਪਤੀ ਦਾ ਜਜ਼ਬਾ ਗਿਆਨੀ ਹਰਬੰਸ ਸਿੰਘ ਨੂੰ ਵਿਰਸੇ ਵਿਚ ਆਪਣੇ ਪਿਤਾ ਤੇ ਚਾਚਾ ਜੀ ਤੋਂ ਮਿਲਿਆ। ਆਪ ਦੇ ਸਤਿਕਾਰਯੋਗ ਪਿਤਾ ਸ: ਖੇਮ ਸਿੰਘ, ਪਹਿਲੇ ਸੰਸਾਰ ਯੁੱਧ ਤੋਂ ਪਹਿਲਾਂ ਹੀ ਅੰਗਰੇਜ਼ਾਂ ਦੀ ਫ਼ੌਜ ਵਿਚ ਭਰਤੀ ਹੋ ਗਏ ਤੇ ਬਹੁਤ ਛੇਤੀ ਆਪਣੀ ਯੋਗਤਾ, ਵਿਦਿਆ ਤੇ ਨਿਯਮਕ ਜੀਵਨ ਕਾਰਨ ਹਲਾਵਦਾਰ ਬਣ ਗਏ। ਪਹਿਲੇ ਸੰਸਾਰ ਯੁੱਧ ਸਮੇਂ ਆਪਣੇ ਦੇਸ਼ ਤੋਂ ਬਾਹਰ, ਵਿਦੇਸ਼ਾ ਵਿਚ ਫ਼ੌਜੀ ਬਣ ਕੇ ਗਏ। ਉਥੇ ਉਨ੍ਹਾਂ ਨੇ ਆਜ਼ਾਦ ਦੇਸ਼ਾਂ ਦੀ ਹਾਲਤ, ਸੁਤੰਤਰਤਾ ਤੇ ਵਿਕਾਸ ਨੂੰ ਦੇਖਿਆ। ਇਸ ਦੇ ਟਾਕਰੇ ਗ਼ੁਲਾਮ ਦੇਸ਼ਾਂ ਤੇ ਕੌਮਾਂ ਦੇ ਜੀਵਨ ਦੇ ਘਾਟਿਆਂ ਨੂੰ ਮਹਿਸੂਸ ਕੀਤਾ ਤੇ ਆਪਣੇ ਮਨ ਵਿਚ ਦ੍ਰਿੜ੍ਹ ਨਿਸਚਾ ਕਰ ਲਿਆ ਕਿ ਉਹ ਫ਼ੌਜੀ ਜੀਵਨ ਨੂੰ ਤਿਆਗ ਕੇ ਆਪਣੇ ਲੋਕਾਂ ਵਿਚ ਆਜ਼ਾਦੀ ਦੀ ਜਾਗਰਤੀ ਪੈਦਾ ਕਰਨ ਦਾ ਯਤਨ ਕਰਨਗੇ।

ਪਹਿਲਾ ਸੰਸਾਰ ਯੁੱਧ ਖ਼ਤਮ ਹੋਇਆ ਤਾਂ ਆਪ ਫ਼ੌਜੀ ਜੀਵਨ ਤਿਆਗ ਕੇ ਆਪਣੇ ਪਿੰਡ ਸਰਹਾਲਾ ਜ਼ਿਲ੍ਹਾ ਹੁਸ਼ਿਆਰਪੁਰ ਆ ਗਏ। ਸੰਸਾਰ ਯੁੱਧ ਦੇ ਸਮੇਂ ਅੰਗਰੇਜ਼ ਸਰਕਾਰ ਨੇ ਭਾਰਤ ਵਾਸੀਆਂ ਨੂੰ ਆਜ਼ਾਦ ਕੌਮਾਂ ਵਾਲੇ ਹੱਕ ਅਧਿਕਾਰ ਦੇਣ ਦੇ ਲਾਰੇ ਲਾਏ ਹੋਏ ਸਨ, ਪਰ ਜੰਗ ਖ਼ਤਮ ਹੁੰਦਿਆਂ ਸਾਰੇ ਵਚਨ ਭੁਲ ਭੁਲਾ ਕੇ ਦੇਸ਼ ਵਿਚ ਨਵੇਂ ਕਾਲੇ ਕਾਨੂੰਨ ਲਾਗੂਕਰਨੇ ਸ਼ੁਰੂਕਰ ਦਿਤੇ ਤਾਂ ਦੇਸ਼-ਵਾਸੀਆਂ ਵਿਚ ਗ਼ਮ ਤੇ ਗੁੱਸੇ ਦੀ ਲਹਿਰ ਫੈਲ ਗਈ। ਉਨ੍ਹਾਂ ਦਿਨਾਂ ਵਿਚ ਹੀ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਹੋਇਆ। ਗਿਆਨੀ ਹਰਬੰਸ ਸਿੰਘ ਦੇ ਪਿਤਾ, ਹਵਾਲਦਾਰ ਖੇਮ ਸਿੰਘ ਨੇ ਆਪਣੇ ਪਿੰਡ ਵਿਚ ਕੁਝ ਹੋਰ ਦੇਸ਼ ਭਗਤ ਤੇ ਸੂਝਵਾਨ ਲੋਕਾਂ ਦੇ ਮਿਲਵਰਤਣ ਨਾਲ ਇਕ ਸਕੂਲ ਖੋਲ੍ਹ ਲਿਆ, ਜਿਸ ਵਿੱਚ ਬੱਚਿਆ ਨੂੰ ਬਿਨਾਂ ਫੀਸ ਮੁਫ਼ਤ ਪੜ੍ਹਾਈ ਸ਼ੁਰੂਕਰਵਾਣੀ ਆਰੰਭ ਦਿਤੀ। ਆਸੇ ਪਾਸੇ ਦੇ ਪਿੰਡਾ ਵਿਚ ਜਾ ਕੇ ਲੋਕਾਂ ਵਿਚ ਇਹ ਪ੍ਰਚਾਰ ਕੀਤਾ ਕਿ ਅਨਪੜ੍ਹ ਕੌਮਾਂ ਗ਼ੁਲਾਮ ਰਹਿੰਦੀਆਂ ਹਨ ਤੇ ਪੜ੍ਹੇ ਲਿਖੇ ਲੋਕਾਂ ਵਿਚ ਹੀ ਆਜ਼ਾਦੀ ਦਾ ਜਜ਼ਬਾ ਛੇਤੀ ਪੈਦਾ ਹੁੰਦਾ ਹੈ। ਆਪ ਆਪਣੇ ਫ਼ੌਜੀ ਜੀਵਨ ਸਮੇਂ ਦੇਖੇ ਆਜ਼ਾਦ ਦੇਸ਼ਾ ਨਾਲ ਆਪਣੇ ਗ਼ੁਲਾਮ ਦੇਸ਼ ਦੀ ਹਾਲਤ ਦਾ ਟਾਕਰਾ ਕਰਦੇ। ਦੂਜਾ ਉਨ੍ਹਾਂ ਦਾ ਪ੍ਰਚਾਰ ਸੀ ਕਿ ਅੰਗਰੇਜ਼ਾਂ ਦੇ ਸਕੂਲਾਂ ਵਿਚ ਗ਼ੁਲਾਮ ਰਹਿਣ ਦੀ ਸਿਖਿਆ ਹੀ ਮਿਲਦੀ ਹੈ, ਇਸ ਲਈ ਅੰਗਰੇਜ਼ ਹਾਕਮਾਂ ਦੇ ਸਕੂਲਾਂ ਦਾ ਬਾਈਕਾਟ ਕਰ ਕੇ ਦੇਸ਼ ਭਗਤਾਂ ਦੇ ਸ਼ੁਰੂਕੀਤੇ ਸਕੂਲਾਂ ਵਿਚ ਹੀ ਬੱਚਿਆ ਨੂੰ ਪੜ੍ਹਨ ਪਾਇਆ ਜਾਏ।

ਅੰਗਰੇਜ਼ ਹਾਕਮਾਂ ਨੂੰ ਹਵਾਲਦਾਰ ਖੇਮ ਸਿੰਘ ਦੀਆਂ ਸਰਗਰਮੀਆਂ ਦੀਆਂ ਰਿਪੋਰਟਾਂ ਸਰਕਾਰੀ ਸੂਹੀਏ ਤੇ ਝੋਲੀ-ਚੁਕ ਲੋਕ ਪਹੁੰਚਾਂਦੇ ਹੁੰਦੇ ਸਨ। ਹਕੂਮਤ ਇਸ ਤਾੜ ਵਿਚ ਸੀ ਕਿ ਕਦੋਂ ਮੌਕਾ ਮਿਲੇ ਤੇ ਉਹ ਖੇਮ ਸਿੰਘ ਨੂੰ ਗ੍ਰਿਫ਼ਤਾਰ ਕਰੇ ਤੇ ਇਹਨਾਂ ਦੇ ਚਲਾਏ ਸਕੂਲ ਨੂੰ ਬੰਦ ਕਰਵਾ ਦੇਵੇ। ਜਦੋਂ 1921 ਵਿਚ ਅਕਾਲੀ ਲਹਿਰ ਗੁਰਦੁਆਰਾ ਸੁਧਾਰ ਲਹਿਰ ਦੇ ਰੂਪ ਵਿਚ ਸ਼ੁਰੂਹੋਈ ਤਾਂ ਹਵਾਲਦਾਰ ਖੇਮ ਸਿੰਘ ਤੇ ਉਨ੍ਹਾਂ ਦੇ ਭਰਾ ਸ: ਸੁਰਜਨ ਸਿੰਘ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਤੇ ਹਾਕਮਾਂ ਦੇ ਹੁਕਮ ਨਾਲ ਜ਼ਬਰਦਸਤੀ ਸਕੂਲ ਬੰਦ ਕਰ ਦਿੱਤਾ ਗਿਆ।

ਫ਼ੌਜ ਵਿੱਚ ਭਰਤੀ ਹੋਣ ’ਤੇ ਜਦੋਂ ਖੇਮ ਸਿੰਘ ਦੂਰ ਚਲੇ ਗਏ ਸਨ ਤਾਂ ਉਨ੍ਹਾਂ ਦੀ ਪਤਨੀ ਛੋਟੇ ਛੋਟੇ ਬੱਚਿਆ ਨੂੰ ਲੈ ਕੇ ਆਪਣੇ ਪੇਕੇ ਪਿੰਡ ਬਦਾਊਂ ਚਲੀ ਗਈ। ਉਥੇ ਹੀ ਹਰਬੰਸ ਸਿੰਘ ਨੂੰ ਖ਼ਾਲਸਾ ਸਕੂਲ ਵਿਚ ਪੜ੍ਹਨੇ ਪਾਇਆ ਗਿਆ। ਜਦੋਂ ਆਪਣੇ ਪਿਤਾ ਦੀ ਗ੍ਰਿਫ਼ਤਾਰੀ ਦੀ ਖ਼ਬਰ ਸੁਣੀ ਤਾਂ ਹਰਬੰਸ ਸਿੰਘ ਨੇ ਸਕੂਲ ਦੇ ਮਿੱਤਰ ਵਿਦਿਆਰਥੀਆਂ ਨਾਲ ਸਲਾਹ ਕਰ ਕੇ ਫ਼ੈਸਲਾ ਕੀਤਾ ਕਿ ਉਹ ਪੜ੍ਹਾਈ ਵਿਚੇ ਛੱਡ ਕੇ ਅੰਗਰੇਜ਼ ਸਰਕਾਰ ਵਿਰੁੱਧ ਸੰਘਰਸ਼ ਵਿਚ ਸ਼ਾਮਲ ਹੋ ਜਾਏਗਾ। ਕਈ ਰਿਸ਼ਤੇਦਾਰਾਂ ਨੇ ਰੋਕਿਆ ਤੇ ਸਮਝਾਣ ਦਾ ਯਤਨ ਕੀਤਾ ਪਰ ਹਰਬੰਸ ਸਿੰਘ ਪਹਿਲਾਂ ਸਰਹਾਲਾ ਆਇਆ  ਇਥੇ ਪਿਤਾ ਜੀ ਦੇ ਸਾਥੀਆਂ ਨਾਲ ਗੱਲ-ਬਾਤ ਕਰ ਕੇ ਸ੍ਰੀ ਅੰਮ੍ਰਿਤਸਰ ਚਲਾ ਗਿਆ। ਉਥੇ ਉਨ੍ਹਾਂ  ਦਿਨਾਂ ਵਿਚ ਗੁਰੂਕੇ ਬਾਗ਼ ਦਾ ਮੋਰਚਾ ਚੱਲ ਰਿਹਾ ਸੀ। ਰੋਜ਼ਾਨਾ ਜਥਾ ਸ਼ਾਂਤਮਈ ਸਤਿਗਆਗ੍ਰਹਿ ਕਰਦਾ, ਜੈਕਾਰੇ ਲਾਂਦਾ ਨਿਕਲਦਾ। ਅੰਗਰੇਜ਼ ਹਾਕਮ ਜਥੇ ਤੇ ਸਖ਼ਤ ਲਾਠੀਚਾਰਜ ਕਰਦੇ, ਕਈ ਵਾਰ ਘੋੜਿਆ ਦੇ ਪੈਰਾਂ ਹੇਠ ਸਤਿਆਗ੍ਰਹੀਆਂ ਨੂੰ ਲਤਾੜਦੇ। ਹਰਬੰਸ ਸਿੰਘ ਨੇ ਵੀ ਆਪਣਾ ਨਾਮ ਜਥੇ ਵਿਚ ਲਿਖਵਾ ਦਿਤਾ। ਨਵ-ਯੁਵਕ ਹੋਣ ਕਾਰਨ ਕਈਆਂ ਨੇ ਜਥੇ ਵਿਚ ਨਾ ਜਾਣ ਦੀ ਸਲਾਹ ਵੀ ਦਿਤੀ ਪਰ ਹਰਬੰਸ ਸਿੰਘ ਨੇ ਜਥੇ ਵਿਚ ਸ਼ਾਮਲ ਹੋ ਕੇ ਸ਼ਾਤਮਈ ਰਹਿ ਕੇ ਵੀ ਕਦਮ ਅੱਗੇ ਵਧਾਇਆ। ਅਖ਼ੀਰ ਆਪ ਨੂੰ ਗ੍ਰਿਫ਼ਤਾਰ ਕਰ ਕੇ ਕੈਂਬਲਪੁਰ ਜੇਲ੍ਹ ਵਿਚ ਕੈਦ ਕਰ ਦਿਤਾ ਗਿਆ।

ਕੈਂਬਲਪੁਰ ਜੇਲ੍ਹ ਵਿਚ ਵੀ ਫਿਰ ਚੰਗੀ ਖ਼ੁਰਾਕ ਨਾ ਮਿਲਣ ਤੇ ਹਾਕਮਾਂ ਨਾਲ ਟੱਕਰ ਹੋ ਗਈ ਤੇ ਉਸ ਤੇ ਉਸ ਸਮੇਂ ਫਿਰ ਹਰਬੰਸ ਸਿੰਘ ’ਤੇ ਬਹੁਤ ਹੀ ਅਣਮਨੁੱਖੀ ਅਤਿਆਚਾਰ ਹੋਏ। ਆਪ ਨਾਮ ਸਿਮਰਨ ਤੇ ਭਜਨ ਬੰਦਗੀ ਵਿਚ ਵੀ ਲੱਗੇ ਰਹਿੰਦੇ ਤੇ ਦੂਜੇ ਦੇਸ਼ ਭਗਤ ਕੈਦੀਆਂ ਨੂੰ ਵੀ ਪ੍ਰੇਰਨਾ ਦਿੰਦੇ ਰਹਿੰਦੇ, ਜਿਸ ਕਾਰਨ ਆਪ ਨੂੰ ਸਾਰੇ ਸਾਥੀ ਗਿਆਨੀ ਹਰਬੰਸ ਸਿੰਘ ਕਹਿਣ ਲਗ ਪਏ, ਕੈਂਬਲਪੁਰ ਜੇਲ੍ਹ ਤੋਂ ਰਿਹਾ ਹੋ ਕੇ ਗਿਆਨੀ ਹਰਬੰਸ ਸਿੰਘ ਦੇ ਵਿਚਾਰ ਕਾਫ਼ੀ ਬਦਲ ਗਏ। ਉਹ ਮਹਿਸੂਸ ਕਰਨ ਲੱਗ ਪਏ ਕਿ ਸ਼ਾਂਤਮਈ ਕੁਰਬਾਨੀਆਂ ਨਾਲ ਅੰਗਰੇਜ਼ ਸਾਡਾ ਦੇਸ਼

ਛੱਡ ਕੇ ਨਹੀਂ ਜਾਣਗੇ ਇਸ ਲਈ ਹਾਕਮਾਂ ਦੀ ਤਾਕਤ ਦਾ ਟਾਕਰਾ ਆਪਣੇ ਹਥਿਆਰਾਂ ਦੀ ਤਾਕਤ ਨਾਲ ਹੀ ਕਰਨਾ ਚਾਹੀਦਾ ਹੈ। ਉਨ੍ਹਾਂ ਦਿਨਾਂ ਵਿਚ ਦੁਆਬੇ ਵਿਚ ਇਨ੍ਹਾਂ ਵਿਚਾਰਾਂ ਦੀ ਬੱਬਰ ਅਕਾਲੀ ਲਹਿਰ ਸ਼ੁਰੂਸੀ ਜਿਸ ਵਿਚ ਇਕ ਪਾਸੇ ਜ਼ਾਮਲ ਹਾਕਮਾਂ ਨੂੰ ਕੀਤੇ ਜ਼ੁਲਮ ਦੀ ਸਜ਼ਾ ਦੇਣ ਦਾ ਯਤਨ ਕੀਤਾ ਜਾ ਰਿਹਾ ਸੀ ਤੇ ਦੂਜੇ ਪਾਸੇ ਵਿਦੇਸ਼ੀ ਹਾਕਮਾਂ ਦੇ ਝੋਲੀ-ਚੁੱਕਾਂ ਨੂੰ ਸੋਧਿਆ ਜਾ ਰਿਹਾ ਸੀ। ਗਿਆਨੀ ਹਰਬੰਸ ਸਿੰਘ ਬੱਬਰ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ। ਬੱਬਰਾਂ ਨੇ ਜਿਹੜਾ ਚੱਕਰਵਰਤੀ ਭੜਥੂਪ੍ਰੈਸ ਚਾਲੂਕੀਤਾ, ਉਸ ਵਿਚ ਗਿਆਨੀ ਦਲੀਪ ਸਿੰਘ (ਮਾਸਟਰ) ਗੋਸਲਾ ਤੇ ਗਿਆਨੀ ਹਰਬੰਸ ਸਿੰਘ ਰਲ ਕੇ ਅਖ਼ਬਾਰ ਕਢਦੇ ਰਹੇ ਤੇ ਸਾਈਕਲੋਸਟਾਈਲ ਦੀ ਮਸ਼ੀਨ ਜੰਗਲਾਂ ਤੇ ਪਹਾੜਾਂ ਵਿਚ ਲਈ ਫਿਰਦੇ ਰਹੇ। ਪੁਲਸ ਦੇ ਕਾਬੂਨਾ ਆਏ ਤੇ ਬੱਬਰ ਅਕਾਲੀ ਲਹਿਰ ਦੇ ਦਬਾਏ ਜਾਣ ਪਿਛੋਂ ਵੀ ਬਚ ਕੇ ਕੌਮੀ ਆਜ਼ਾਦੀ ਦੇ ਸੰਘਰਸ਼ ਵਿਚ ਯੋਗਦਾਨ ਪਾਂਦੇ ਰਹੇ।

ਕਿਧਰੇ ਵੀ ਕੌਮੀ ਸੰਘਰਸ਼ ਦਾ ਪਤਾ ਲਗਦਾ, ਗਿਆਨੀ ਹਰਬੰਸ ਸਿੰਘ ਉਸ ਵਿਚ ਜਾ ਕੇ ਸ਼ਾਮਲ ਹੁੰਦੇ । 1931 ਦੇ ਨੈਸ਼ਨਲ ਕਾਂਗਰਸ ਦੇ ਨਾ-ਮਿਲਵਰਤਣ ਦੇ ਸੰਘਰਸ਼ ਵਿਚ ਸਰਗਰਮ ਹਿੱਸਾ ਲਿਆ ਤੇ ਜੇਲ੍ਹ ਚਲੇ ਗਏ। ਇਕ ਸਾਲ ਕੈਦ ਦੀ ਸਜ਼ਾ ਭੁਗਤ ਕੇ ਬਾਹਰ ਆਏ। ਇਨ੍ਹਾਂ ਦੇ ਪਿੰਡ ਸਰਹਾਲਾ ਵਿਚ ਇਨ੍ਹਾਂ ਦੇ ਘਰ ਅੱਗੇ ਪੁਲਿਸ ਚੌਂਕੀ ਬਿਠਾ ਦਿਤੀ ਗਈ ਪਰ ਇਹ ਰੂਪੋਸ਼ ਹੋ ਗਏ। ਇਨ੍ਹਾਂ ਦੀ ਗ੍ਰਿਫ਼ਤਾਰੀ ਲਈ ਹਕੂਮਤ ਨੇ ਬਹੁਤ ਵੱਡੀ ਰਕਮ ਇਨਾਮ ਰੱਖੀ ਪਰ ਇਹ ਨਾ ਕਦੇ ਪਿੰਡ ਗਏ ਤੇ ਨਾ ਹੀ ਪੁਲਸ ਦੇ ਕਾਬੂਆਏ। ਕਈ ਹੋਰ ਨਾਵਾਂ ਹੇਠ ਇਨ੍ਹਾਂ ਦੀਆਂ ਸਰਗਰਮੀਆਂ ਜਾਰੀ ਰਹੀਆਂ।

ਦੂਜੇ ਸੰਸਾਰ ਯੁੱਧ ਸਮੇਂ ਕਿਸੇ ਸਾਥੀ ਦੀ ਗ਼ੱਦਾਰੀ ਕਾਰਨ ਅਖ਼ੀਰ ਅੰਮ੍ਰਿਤਸਰ ਦੇ ਪਿੰਡ ਜਾਮਾ ਗਏ ਤੋਂ ਗ੍ਰਿਫ਼ਤਾਰ ਕਰ ਲਏ ਗਏ। ਬਹੁਤ ਹੀ ਖ਼ਤਰਨਾਕ ਦੋਸ਼ੀ ਬਣਾ ਕੇ ਲਾਹੌਰ ਦੇ ਕਿਲ੍ਹੇ ਵਿਚ ਕੈਦ ਕਰ ਦਿਤੇ ਗਏ। ਜਿਵੇਂ ਅੰਗਰੇਜ਼ ਹਾਕਮ ਉਸ ਸਮੇਂ ਕੀਤਾ ਕਰਦੇ ਸਨ, ਵੱਡੇ ਦੇਸ਼

ਭਗਤਾਂ ਨੂੰ ਕਈ ਝੂਠੇ ਕੇਸਾਂ ਵਿਚ ਸ਼ਾਮਲ ਕਰ ਕੇ ਪੁਲਸ ਦੀਆਂ ਬੋਗਸ ਰਿਪੋਰਟਾਂ ਦੇ ਆਧਾਰ ਤੇ ਸਜ਼ਾ ਦਿਵਾ ਦਿਤਾ ਕਰਦੇ ਸਨ, ਗਿ: ਹਰਬੰਸ ਸਿੰਘ ਤੇ ਵੀ ਕੀਰਤਪੁਰ ਕਤਲ ਕੇਸ ਤੇ ਕਾਲਕਾ ਗੋਲੀ ਕਾਂਡ ਵਿਚ ਸ਼ਾਮਲ ਕਹਿ ਕੇ ਮੌਤ ਦੀ ਸਜ਼ਾ ਸੁਣਾ ਦਿਤੀ ਗਈ। ਇਉਂ 3 ਅਪ੍ਰੈਲ 1944 ਨੂੰ ਗਿਆਨੀ ਹਰੰਬਸ ਸਿੰਘ ਨੂੰ ਲਾਹੌਰ ਵਿਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

ਗਿਆਨੀ ਹਰਬੰਸ ਸਿੰਘ ਨੇ ਬੜੀ ਸ਼ਾਂਤਚਿਤ ਅਵਸਥਾ ਵਿਚ ਮੌਤ ਦੀ ਸਜ਼ਾ ਸੁਣੀ ਤੇ ਹੱਸਦਿਆਂ ਫਾਂਸੀ ਦੇ ਰੱਸੇ ਨੂੰ ਚੁੰਮ ਕੇ 'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਮਾਰ ਕੇ ਮੌਤ ਦਾ ਸੁਆਗਤ ਕੀਤਾ।


## ਪ੍ਰਸਤੁਤ ਕਰਤਾ : ਜਸਬੀਰ ਸਿੰਘ

**Ph. : (0172-2696891)**

**Mob. : 099881-60484**

Type Setting : Radheshyam Choudhary

Mob.: 098149-66882

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in

E-mail : info@sikhworld.info
&
jasbirsikhworldinfo@gmail.com

ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।

## ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਸ ਵਿਸਾਲ ਸਿੱਖ ਸੰਗ੍ਰਹਾਲਯ (Museum)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਰਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।

**ਨੋਟ :-** ਇਹ ਕਮ ਬੱਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।

1. ਜੇਕਰ ਕੋਈ ਇਸ ਨੂੰ ਦੁਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।